International Journal of Multidisciplinary Research and Technology
ISSN 2582-7359, Peer Reviewed Journal, Impact Factor 6.325
www.ijmrtjournal.com

# ਪੰਜਾਬੀ ਦੀਆਂ ਰਹੁ-ਰੀਤਾਂ: ਲੋਕਾਂ ਦੀ ਧਰੋਹਰ ਦਾ ਅਸਲ ਰੰਗ

***ਅਮਰਿੰਦਰ ਸਿੰਘ ਬਰਾੜ***

ਸਹਾਇਕ ਪ੍ਰੋਫੈਸਰ (ਪੰਜਾਬੀ ਵਿਭਾਗ)

ਬਾਬਾ ਫਰੀਦ ਕਾਲਜ, ਬਠਿੰਡਾ

ਪੰਜਾਬੀ ਲੋਕਾਂ ਦੀਆਂ ਰਹੁ ਰੀਤਾਂ ਅਤੇ ਰਿਵਾਜਾਂ ਬਾਰੇ ਜਦੋਂ ਅਸੀਂ ਗੱਲ ਕਰਦੇ ਹਾਂ ਪੰਜਾਬੀ ਲੋਕਾਂ ਦੇ ਜੀਵਨ ਜਾਂਚ ਨੂੰ ਦਰਸਾਉਂਦੇ ਹਾਂ ਰਹੁ-ਰੀਤਾਂ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਹੈ ਪੰਜਾਬੀ ਲੋਕਾਂ ਦੀਆਂ ਰਹੁ ਰੀਤਾਂ ਅਤੇ ਰਿਵਾਜਾਂ ਨੂੰ ਉਹਨਾਂ ਦੀ ਜਿੰਦਗੀ ਦੇ ਤਰੀਕੇ ਧਾਰਮਿਕ ਅਥਵਾ ਸੱਭਿਆਚਾਰਿਕ ਰੀਤਾਂ ਅਤੇ ਸਮਾਜਿਕ ਜੀਵਨ ਸ਼ਾਮਿਲ ਹੁੰਦੇ ਹਨ ਲੋਕਾਂ ਦੀ ਸੰਸਕ੍ਰਿਤੀ ਦੁਆਰਾ ਹੀ ਅਸੀਂ ਲੋਕ ਜਾਣ ਪਾਉਂਦੇ ਹਾਂ ਕਿ ਕਿਸੇ ਖਿੱਤੇ ਕਸਬੇ ਦੇਸ਼ ਆਦਿ ਦੇ ਲੋਕਾਂ ਵਿੱਚ ਜੋ ਰਹੁ ਰੀਤਾਂ ਰਸਮ ਰਿਵਾਜ ਮਨਾਈ ਜਾਂਦੇ ਹਨ ਉਸ ਦਾ ਉਹਨਾਂ ਦੇ ਜੀਵਨ ਉੱਪਰ ਕੀ ਸਬੰਧ ਹੈ ਜਾਂ ਉਸ ਪਿੱਛੇ ਕਿਹੋ ਜਿਹੀ ਧਾਰਨਾ ਕੰਮ ਕਰਦੀ ਹੈ | ਸਿੱਖ ਧਰਮ ਦੀ ਹੋਂਦ ਤੋਂ ਬਾਅਦ ਗੁਰੂ ਸਾਹਿਬਾਨਾਂ ਨੇ ਬਹੁਤ ਸਾਰੀਆਂ ਉਸ ਸਮੇਂ ਦੀਆਂ ਪ੍ਰਚੱਲਤ ਧਾਰਨਾਵਾਂ ਪ੍ਰਥਾਵਾਂ ਕਾਨੂੰਨਾਂ ਦਾ ਖੰਡਨ ਕੀਤਾ ਤੇ ਨਵੀਆਂ ਪੈੜਾਂ ਪਾ ਕੇ ਪੰਜਾਬੀਆਂ ਦੀ ਜੀਵਨ ਵਿਧੀ ਅਤੇ ਜੀਵਨ ਜਾਂਚ ਨੂੰ ਉੱਚਾ ਚੁੱਕਣ ਦੀ ਪੁਰਜੋਰ ਕੋਸ਼ਿਸ਼ ਕੀਤੀ ਗਈ ਹੈ | ਜਿਸ ਦੀ ਵਜHW ਦੇ ਕਾਰਨ ਬਹੁਤ ਸਾਰੀਆਂ ਰਹੁ ਰੀਤਾਂ ਰਿਵਾਜW ਦਾ ਖੰਡਨ ਕੀਤਾ ਗਿਆ ਜਿਸ ਵਜHW ਕਾਰਨ ਪੰਜਾਬ ਦੀ ਸੰਸਕ੍ਰਿਤੀ ਜਿਸ ਨੂੰ ਅਰਸੇ ਤੋਂ ਲੋਕ ਮੰਨਦੇ ਆ ਰਹੇ ਸੀ ਸਮਾਂ ਬੀਤਣ ਨਾਲ ਜਿਸ ਵਿੱਚ ਬਹੁਤ ਵੱਡਾ ਫੇਰ ਬਦਲ ਹੋਇਆ ਤੇ ਬਹੁਤ ਸਾਰੀਆਂ ਰਹੁ ਰੀਤਾਂ ਵਿਸ਼ਵਾਸਾਂ ਨੂੰ ਨਕਾਰਿਆ ਗਿਆ ਤੇ ਜੀਵਨ ਮੁੱਲਾਂ ਨੂੰ ਉੱਚਾ ਚੁੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਜਿਨਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਫਰਮਾਨ ਸਨ ; "ਸੋ ਕੋ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਜਿਸ ਤੋਂ ਬਾਅਦ ਇੱਕ ਰੀਤ ਜੋ ਸਤੀ ਪ੍ਰਥਾ ਦੇ ਰੂਪ ਵਿੱਚ ਸੀ ਜਿਸ ਦਾ ਪੁਰ ਜੋਰ ਖੰਡਨ ਕੀਤਾ ਗਿਆ ਲੋਕਾਂ ਨੂੰ ਜੀਵਨ ਜਾਂਚ ਨੂੰ ਉੱਚਾ ਚੁੱਕਿਆ ਗਿਆ ਇਸ ਪ੍ਰਥਾ ਨੂੰ ਖਤਮ ਕਰਨ ਦਾ ਸੁਨੇਹਾ ਦਿੱਤਾ ਗਿਆ ਇਸ ਪੰਜਾਬੀ ਸੱਭਿਆਚਾਰ ਵਿੱਚ ਪੂਰਨ ਰੂਪ ਵਿੱਚ ਰਾਹ ਰੀਤਾਂ ਅਤੇ ਵਿਸ਼ਵਾਸਾਂ ਦਾ ਖੰਡਣ ਨਹੀਂ ਹੋਇਆ ਜਿਸ ਨੂੰ ਸਮੇਂ ਦੇ ਬੀਤਨ ਨਾਲ ਮੰਨਿਆ ਜਾਣ ਲੱਗਿਆ ਹਾਲਾਂਕਿ ਰੀਤੀ ਰਿਵਾਜ ਉਸ ਤਰ੍ਹਾਂ ਨਹੀਂ ਮੰਨੇ ਜਾਂਦੇ ਪਰ ਫਿਰ ਵੀ ਬਹੁਤ ਸਾਰੇ ਰੀਤੀ ਰਿਵਾਜ ਬਦਲਦੇ ਰੂਪ ਵਿੱਚ ਮੰਨੇ ਜਾਂਦੇ ਹਨ ਜਿਸ ਦਾ ਪੰਜਾਬੀ ਸੱਭਿਆਚਾਰ ਪੰਜਾਬੀ ਰਹਿਣੀ ਬਹਿਣੀ ਸਗਨ ਅਪ ਸਗਨ ਉਪਰ ਬਹੁਤ ਰਹੋ ਰੀਤਾਂ ਦਾ ਅਤੇ ਵਿਸ਼ਵਾਸਾਂ ਦਾ ਪ੍ਰਭਾਵ ਮੰਨਿਆ ਜਾਂਦਾ ਹੈ ਜਿਸ ਵਿੱਚ ਧਾਰਮਿਕਤਾ ਦਾ ਬਹੁਤ ਪ੍ਰਭਾਵ ਹੈ ਇਸ ਲਈ ਪੰਜਾਬੀ ਲੋਕਾਂ ਦੀਆਂ ਰੀਤਾਂ ਜਿਸ ਦਾ ਪੰਜਾਬੀ ਸੱਭਿਆਚਾਰ ਪੰਜਾਬੀ ਰਹਿਣੀ ਬਹਿਣੀ ਸਗਨ ਅਪ ਸਗਨ ਉਪਰ ਬਹੁਤ ਰਹੋ ਰੀਤਾਂ ਦਾ ਅਤੇ ਵਿਸ਼ਵਾਸਾਂ ਦਾ ਪ੍ਰਭਾਵ ਮੰਨਿਆ ਜਾਂਦਾ ਹੈ ਕਵਿਤਾ ਤੇ ਕਹਾਣੀਆਂ ਵਿੱਚ ਵੀ ਬੜਾ ਮਹੱਤਵਪੂਰਨ ਸਥਾਨ ਰੱਖਦੀਆਂ ਹਨ|

ਪੰਜਾਬੀ ਲੋਕਾਂ ਦੀ ਸੰਸਕ੍ਰਿਤ ਦੀ ਸੰਸਕ੍ਰਿਤੀ ਰੀਤਾਂ ਦੀ ਪਛਾਣ ;

ਪੰਜਾਬੀ ਲੋਕਾਂ ਦੀਆਂ ਰਹੁ ਰੀਤਾਂ ਉਹਨਾਂ ਦੀ ਖੁੱਲੇ ਦਿਲ ਰੂਹਾਨੀ ਅਤੇ ਸਾਦਗੀ ਦੀ ਅਗਵਾਈ ਭਰਦੀਆਂ ਹਨ|ਪੰਜਾਬੀ ਸੱਭਿਆਚਾਰ ਹਜ਼ਾਰਾਂ ਸਾਲ ਪੁਰਾਣਾ ਹੈ ਇਸ ਵਿੱਚ ਸਮਾਜਿਕ ਧਾਰਮਿਕ ਰਾਜਨੀਤਿਕ ਤੱਤ ਸ਼ਾਮਿਲ ਹੁੰਦੇ ਹਨ |ਪੰਜਾਬੀ ਸੱਭਿਆਚਾਰ ਵਿੱਚ ਰੀਤਾਂ ਵਿਸ਼ਵਾਸਾਂ ਵਿੱਚ ਲੋਕਾਂ ਦੀ ਜੀਵਨ ਜਾਂਚ ਤਿਉਹਾਰਾਂ ਖਾਣ ਪੀਣ ਪਹਿਰਾਵੇ ਭਾਸ਼ਾ ਲੋਕ ਗੀਤ ਲੋਕ ਨਾਚ ਸ਼ਾਮਿਲ ਹੁੰਦੇ ਹਨ ਪੰਜਾਬੀ ਲੋਕਾਂ ਦੇ ਸੱਭਿਆਚਾਰ ਵਿੱਚ ਤਿਉਹਾਰਾਂ ਅਤੇ ਧਾਰਮਿਕ ਨਾਲ ਸਬੰਧਤ ਹੁੰਦੇ ਹਨ ਨਾਲ ਨਾਲ ਖੇਤੀਬਾੜੀ ਨਾਲ ਵੀ ਜੁੜੇ ਹੋਏ ਹਨ |

ਪੰਜਾਬੀ ਲੋਕਧਾਰਾ ਨਾਲ ਵੀ ਰਹੁ ਰੀਤਾਂ ਤੇ ਵਿਸ਼ਵਾਸਾਂ ਨੂੰ ਜੋੜ ਕੇ ਵੇਖਿਆ ਜਾਂਦਾ ਹੈ| ਲੋਕਧਾਰਾ ਵਿੱਚ ਪੰਜਾਬੀ ਗੀਤ ਨਾਚ ਕਲਾਵਾਂ ਰਹੁ ਰੀਤਾਂ ਵਿਸ਼ਵਾਸਾਂ ਤੇ ਭਰਮ ਉੱਪਰ ਬਹੁਤ ਸਾਰੇ ਵਿਦਵਾਨਾਂ ਦੁਆਰਾ ਅਧਿਐਨ ਕੀਤਾ ਗਿਆ ਜਿਸ ਵਿੱਚ ਸਭ ਤੋਂ ਮੁਢਲਾ ਨਾਮ ਵਣਜਾਰਾ ਸਿੰਘ ਬੇਦੀ ਦਾ ਆਉਂਦਾ ਹੈ ਜਿਸ ਨੇ ਲੋਕਧਾਰਾ ਦੀ ਸ਼ਬਦ ਦੀ ਉਤਪੱਤੀ ਕੀਤੀ ਹੈ| ਵਣਜਾਰਾ ਸਿੰਘ ਬੇਦੀ ਅਨੁਸਾਰ ਸੰਸਕਾਰ ਅਤੇ ਰੀਤਾਂ ਸੁਭਾਅ ਵਿੱਚ ਸਮਰੂਪ ਪਰ ਭਾਵਨਾ ਵਿੱਚ ਵੱਖ ਹਨ ਸੰਸਕਾਰ ਧਰਮ ਚਿੰਤਨ ਦਾ ਪ੍ਰਵਾਹ ਹਨ ਪਰ ਰੀਤਾਂ ਭਾਵਨਾ ਵਿੱਚ ਵਿੱਚ ਵੱਖ ਹਨ ਡਾਕਟਰ ਵਣਜਾਰਾ ਬੇਦੀ ਰਾਹ ਰੀਤਾਂ ਨੂੰ ਅਨਸਥਾਨ ਦਾ ਪਰਾਇ ਮੰਨਦਾ ਹੈ ਉਹਨਾਂ ਅਨੁਸਾਰ ਅਨੁਸਥਾਣਾ ਨਾਲ ਲੋਕ ਭਾਵਨਾ ਜੁੜੀ ਹੋਈ ਹੋਵੇ ਤਾਂ ਇਹ ਸਮਾਜਿਕ ਜੀਵਨ ਦਾ ਅੰਗ ਹੁੰਦੇ ਹਨ ਅਤੇ ਜੇ ਧਾਰਮਿਕ ਬਿਰਤੀ ਜੁੜੀ ਹੋਵੇ ਤਾਂ ਇਹ ਧਾਰਮਿਕ ਅੰਗ ਹੁੰਦੇ ਹਨ ਇਸ ਤਰਾਂ ਕੁਝ ਰੀਤਾਂ ਦਾ ਮਹੱਤਵ

ਸਮਾਜਿਕ ਅਤੇ ਕੁਝ ਦਾ ਮਹੱਤਵ ਧਾਰਮਿਕ ਹੋ ਨਿਬੜਦਾ ਹੈ ਪਰ ਅੱਜ ਦੇ ਸਮੇਂ ਵਿੱਚ ਲੋਕ ਧਰਮ ਨੂੰ ਸਮਾਜਿਕ ਜੀਵਨ ਤੋਂ ਵੱਖ ਕਰਨਾ ਅਸੰਭਵ ਪ੍ਰਤੀਤ ਹੁੰਦਾ ਹੈ |

ਰੀਤਾਂ ਸਦੀਆਂ ਤੋਂ ਚਲਦੇ ਆ ਰਹੇ ਸਮਾਜ ਦੇ ਕੁਝ ਨਿਯਮਾਂ ਉੱਪਰ ਆਧਾਰਿਤ ਹੁੰਦੀਆਂ ਹਨ |ਜੋ ਲੋਕ ਵਿਵਹਾਰ ਦਾ ਹਿੱਸਾ ਹੁੰਦੀਆਂ ਕਿਸੇ ਭਾਈਚਾਰੇ ਲਈ ਪਾਵਨ ਜਗਤ ਵਿੱਚ ਕਰਮ ਕਰਨ ਲਈ ਉਚਿਤ ਨੇਮ ਪ੍ਰਦਾਨ ਕਰਦੀਆਂ ਹਨ ਅਤੇ ਲੋਕਿਕ ਦੁਨੀਆ ਵਿੱਚ ਪ੍ਰਵੇਸ਼ ਕਰਨ ਲਈ ਪੁੱਲ ਦਾ ਕੰਮ ਕਰਦੀਆਂ ਹਨ ਪੰਜਾਬੀ ਰਹੁ ਰੀਤਾਂ ਤੇ ਵਿਸ਼ਵਾਸ ਅਲੱਗ ਅਲੱਗ ਸਮੇਂ ਅਲੱਗ ਅਲੱਗ ਤਰੀਕੇ ਨਾਲ ਮਨਾਈਆਂ ਜਾਂਦੀਆਂ ਹਨ |ਪੰਜਾਬ ਵਿੱਚ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ ਉਹਨਾਂ ਵਿੱਚ ਵੀ ਵੱਖਰੇ ਵੱਖਰੇ ਤਰੀਕੇ ਦੀਆਂ ਰੀਤਾਂ ਦੇਖਣ ਨੂੰ ਮਿਲਦੀਆਂ ਹਨ |ਇਹ ਤਿਉਹਾਰਾਂ ਸਿਰਫ ਖੁਸ਼ੀ ਦੇ ਮੌਕੇ ਨਹੀਂ ਹੁੰਦੇ ਸਗੋਂ ਤਿਉਹਾਰਾਂ ਦਾ ਜੀਵਨ ਦੇ ਤਰੀਕਿਆਂ ਧਾਰਮਿਕ ਵਿਸ਼ਵਾਸਾਂ ਅਤੇ ਜੀਵਨ ਜਾਂਚ ਖੇਤੀਬਾੜੀ ਨਾਲ ਜੁੜੇ ਸਬੰਧਾਂ ਨੂੰ ਦਿਖਾਉਂਦਾ ਹੈ ਜਾਂ ਤਿਉਹਾਰਾਂ ਉੱਪਰ ਕੀਤੀਆਂ ਜਾਣ ਵਾਲੀਆਂ ਰੀਤਾਂ ਜੀਵਨ ਨੂੰ ਉਤਸ਼ਾਹ ਦਿੰਦੀਆਂ ਹਨ ਨਵਾਂ ਨਰੋਆ ਕਰਦੀਆਂ ਹਨ ਮਨੁੱਖ ਅੰਦਰ ਜਿਉਣ ਦੀ ਇੱਕ ਚਾਹ ਪੈਦਾ ਕਰਦੀਆਂ ਹਨ ਜਿਸ ਨਾਲ ਸਾਂਝ ਪਿਆਰ ਭਾਈਚਾਰਾ ਅਪ~ਣਤ ਅਤੇ ਰੂਹਾਨੀਅਤ ਦੀ ਜਾਗ ਲੱਗਦੀ ਹੈ |

ਵਿਸਾਖੀ ਦਾ ਤਿਉਹਾਰ ਪੰਜਾਬੀਆਂ ਦਾ ਸਭ ਤੋਂ ਵੱਡਾ ਤਿਉਹਾਰਾਂ ਵਿੱਚ ਇੱਕ ਮੰਨਿਆ ਜਾਂਦਾ ਹੈ |ਇਹ ਜਿੱਥੇ ਸਿੱਖ ਧਰਮ ਨਾਲ ਸੰਬੰਧਿਤ ਹੈ ਉੱਥੇ ਖੇਤੀਬਾੜੀ ਨਾਲ ਸੰਬੰਧਿਤ ਤਿਉਹਾਰ ਹੈ। ਜਦੋਂ ਕਣਕ ਦੀ ਫਸਲ ਪੱਕ ਜਾਂਦੀ ਹੈ ਵਾਢੀ ਸ਼ੁਰੂ ਹੁੰਦੀ ਹੈ ਉਸ ਸਮੇਂ ਖੁਸ਼ੀ ਵਿੱਚ ਕੁਝ ਰੀਤਾਂ ਬਣਾਈਆਂ ਜਾਂਦੀਆਂ ਹਨ |ਖਾਲਸਾ ਪੰਥ ਦੀ ਸਥਾਪਨਾ ਧਾਰਮਿਕ ਮਹੱਤਤਾ ਰੱਖਦੀ ਹੈ ਫਸਲ ਕੱਟਣ ਸਮੇਂ ਅਰਦਾਸ ਕੀਤੀ ਜਾਂਦੀ ਹੈ ਗੁੜ ਵੰਡਿਆ  ਜਾਂਦਾ ਹੈ |ਖੁਸ਼ੀ ਵਿੱਚ ਭੰਗੜੇ ਗਿੱਧੇ ਪਾਏ ਜਾਂਦੇ ਹਨ ਫਿਰ ਵਾਢੀ ਸ਼ੁਰੂ ਕੀਤੀ ਜਾਂਦੀ ਹੈ |ਲੋਹੜੀ ਦਾ ਤਿਉਹਾਰ ਵੀ ਪੰਜਾਬ ਦੇ ਮੁੱਖ ਤਿਉਹਾਰਾਂ ਵਿੱਚੋਂ ਇੱਕ ਹੈ |ਲੋਹੜੀ  ਦਾ ਤਿਉਹਾਰ ਮਾਘ ਮਹੀਨੇ ਦੀ ਪਹਿਲੀ ਨੂੰ ਮਨਾਇਆ ਜਾਂਦਾ ਹੈ |ਪਰੰਪਰਕ ਤੌਰ ਤੇ ਲੋਹੜੀ ਸਮੇਂ ਕੁਝ ਰੀਤਾਂ ਕੀਤੀਆਂ ਜਾਂਦੀਆਂ ਹਨ| ਜਿਸ ਵਿੱਚ ਪਾਥੀਆਂ ਦੀ ਢੇਰੀ ਬਣਾ ਲਈ ਜਾਂਦੀ ਹੈ |ਜਿਸ ਨੂੰ ਅੱਗ ਲਗਾ ਕੇ ਪੰਜਾਬੀ ਲੋਕ ਆਲੇ ਦੁਆਲੇ ਬਹਿੰਦੇ ਹਨ, ਤਿਲ ਸੁੱਟਦੇ ਹਨ ,ਇੱਕ ਅਖਾਣ ਬੋਲਿਆ ਜਾਂਦਾ ਹੈ ;  ''ਈਸ਼ਰ ਆ ਦਲਿਦਰ ਜਾ ਦਲਿਦਰ ਦੀ ਜੜ ਚੁੱਲੇ ਪਾ  ਇਸ ਤਰ੍ਹਾਂ ਘਰ ਵਿੱਚ ਆਲਸ ਦੂਰ ਕਰਨ ਦਾ ਇਸ ਨੂੰ ਮੰਤਰ ਮੰਨਿਆ ਜਾਂਦਾ ਹੈ |ਨv-ਜੰਮੇ ਬੱਚੇ ਅਤੇ ਨv-ਵਿਆਹੇ ਜੋੜੇ ਦੀ ਖੁਸ਼ੀ ਵਿੱਚ ਤਿਲ ,ਗuੜ, ਰੇਵੜੀ, ਮੂੰਗਫਲੀ ਆਪਣੇ ਸਕੇ -ਸਬੰਧੀਆਂ ਨੂੰ ਵੰਡੀ ਜਾਂਦੀ ਹੈ ਅਤੇ ਭੰਗੜੇ ਗਿੱਧੇ ਪਾ ਕੇ ਖੁਸ਼ੀ ਮਨਾਈ ਜਾਂਦੀ ਹੈ| ਇਸ ਤਰ੍ਹਾਂ ਹੀ ਹੋਲਾ ਮਹੱਲਾ ਅਤੇ ਹੋਲੀ ਮਨਾਈ ਜਾਂਦੀ ਹੈ |ਜਿਸ ਦਾ ਸਬੰਧ ਧਾਰਮਿਕ ਤਿਉਹਾਰਾਂ ਨਾਲ ਹੈ |ਹੋਲਾ - ਮਹੱਲਾ ਖਾਲਸਾਈ ਜੋਸ਼ ਅਤੇ ਬਹਾਦਰੀ ਨੂੰ ਦਰਸਾਉਂਦਾ ਹੈ| ਹੋਲੀ ਪ੍ਰੇਮ ਅਤੇ ਖੁਸ਼ੀ ਦੀ ਪ੍ਰਤੀਕ ਹੈ |ਹੋਲਾ ਮਹੱਲਾ ਅਨੰਦਪੁਰ ਸਾਹਿਬ ਵਿੱਚ ਰੰਗਾਂ ਨਾਲ ਹਥਿਆਰਾਂ ਦੀ ਪ੍ਰਦਰਸ਼ਨੀ ਨਾਲ ਗਤਕਾ ਅਤੇ ਘੋੜ ਸਵਾਰਾਂ ਦੀ ਖੇਡ ਨਾਲ ਮਨਾਇਆ ਜਾਂਦਾ ਹੈ। ਜੋ ਕਿ ਆਪਣੇ ਆਪ ਵਿੱਚ ਇੱਕ ਰੀਤ ਦਾ ਰੂਪ ਧਾਰ ਚੁੱਕਾ ਹੈ

ਪੰਜਾਬੀ ਲੋਕਾਂ ਦੀਆਂ ਰੀਤਾਂ ਪੰਜਾਬੀ ਸੱਭਿਆਚਾਰ ਵਿੱਚ ਇੱਕ ਰੰਗੀਨ ਜਿੰਦਾ ਦਿਲ ਅਤੇ ਵੱਖਰੀ ਪਹਿਚਾਣ ਵਾਲੀ ਹੈ ਜੋ ਕਿ ਪੰਜਾਬੀ ਸੂਬੇ ਦੀ ਮਿੱਟੀ ਇਤਿਹਾਸ ਅਤੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਦਰਸਾਉਂਦੀ ਹੈ ਇਹ ਸੱਭਿਆਚਾਰ ਪੰਜਾਬ ਤੱਕ ਹੀ ਸੀਮਤ ਨਹੀਂ ਜਿੱਥੇ ਜਿੱਥੇ ਪੰਜਾਬੀ ਵੱਸਦੇ ਹਨ ਨਾਲ ਲੈ ਗਏ ਹਨ ਪੰਜਾਬੀ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਖਾਣ ਪੀਣ ਦੀ ਰੀਤਾਂ ਵੀ ਸ਼ਾਮਿਲ ਹੁੰਦੀ ਹੈ | ਪੰਜਾਬੀ ਖਾਣ ਪੀਣ ਵਿੱਚ ਪ੍ਰਸਿੱਧ ਹਨ ਪੰਜਾਬੀ ਖਾਣਾ ਪੋਸਟਿਕ ਹੁੰਦਾ ਹੈ ਤੇ ਪੰਜਾਬੀ ਭੋਜਨ ਵਿੱਚ ਸਰੋਂ ਦਾ ਸਾਗ ਲੱਸੀ ਮੱਕੀ ਦੀ ਰੋਟੀ ਅਤੇ ਸਬਜ਼ੀਆਂ ਵੀ ਬਹੁਤ ਅਹਿਮ ਵੱਡਾ ਸਥਾਨ  ਰੱਖਦੀਆਂ ਹਨ |

ਬਲਵਿੰਦਰ ਗਰੇਵਾਲ; ਦੱਸਦਾ ਹੈ ਕਿ ਤੁਸੀਂ ਕੀ ਹੋ ਕੀ ਹੋਵੋਗੇ ਇਸ ਗੱਲ ਦਾ ਫੈਸਲਾ ਭੰਗੋਲਿਕ  ਸਥਿਤੀਆਂ ਤੈਹ ਕਰਦੀਆਂ ਹਨ |ਜਿਨਾਂ ਵਿੱਚ ਤੁਸੀਂ ਜੰਮਦੇ ਪਲਦੇ ਅਤੇ ਰਹਿੰਦੇ ਹੋ ਤੁਹਾਡਾ ਸੁਭਾਅ ਸੰਸਾਰ ਨਾਲ ਤੁਹਾਡਾ ਰਿਸ਼ਤਾ ਜੀਵਨ ਪ੍ਰਤੀ ਤੁਹਾਡੀ ਪਹੁੰਚ ਲੋਕਾਂ ਵਿੱਚ ਤੁਹਾਡੀ ਪਹਿਚਾਣ ਗੱਲ ਕੀ ਤੁਹਾਡੀ ਸਮੁੱਚੀ ਸ਼ਖਸ਼ੀਅਤ ਉਸ ਆਲੇ ਦੁਆਲੇ ਉੱਤੇ ਨਿਰਭਰ ਕਰਦੀ ਹੈ |ਜਿਸ ਵਿੱਚ ਤੁਸੀਂ ਵਿਗਸਦੀ ਹੋ |ਪੰਜਾਬ ਅਤੇ ਪੰਜਾਬ ਦੇ ਪਿੰਡਾਂ ਵਿੱਚ ਜੋ ਵੀ ਰਹੁ ਰੀਤਾਂ ਰਿਵਾਜ ਮਨਾਏ ਜਾਂਦੇ ਹਨ ਉਹਨਾਂ ਉੱਪਰ ਧਰਮ ਦਾ ਹੱਦਾਂ ਸਰਹੱਦਾਂ ਦਾ ਦੇਸ਼ ਦੀ ਆਜ਼ਾਦੀ ਦਾ ਅਤੇ ਹਮਲਾਵਰਾਂ ਦੇ ਪ੍ਰਭਾਵ ਵਿੱਚੋਂ ਪੰਜਾਬੀਆਂ ਦੀਆਂ ਬਹੁਤ ਸਾਰੀਆਂ ਰੀਤਾਂ ਨਿਕਲਦੀਆਂ ਹਨ ਅਤੇ ਸਹਿਜੇ ਸਹਿਜੇ ਜੀਵਨ ਦਾ ਅੰਗ ਬਣ ਗਈਆਂ ਹਨ |ਕੁਝ

ਰੀਤਾਂ ਜਿਹੀਆਂ ਹਨ ਜਿਨਾਂ ਦਾ ਸੰਬੰਧ ਜਨਮ ਨਾਲ ਹੈ ਜਿਸ ਨੂੰ ਅਸੀਂ ਜਨਮ ਸੰਬੰਧੀ ਰੀਤਾਂ ਕਹਿੰਦੇ ਹਨ ਕੁਝ ਰੀਤਾਂ ਵਿਆਹ ਸਬੰਧੀ ਹੈ ਮੰਨੀਆਂ ਜਾਂਦੀਆਂ ਹਨ ਤੇ ਕੁਝ ਰੀਤਾਂ ਮਰਨ ਸਬੰਧੀ ਮੰਨੀਆਂ ਜਾਂਦੀਆਂ ਹਨ |

ਕਰਮਜੀਤ ਸਿੰਘ; 'ਪੰਜਾਬੀ ਲੋਕਾਂ ਦੀਆਂ ਰਹੁ ਰੀਤਾਂ ਵਿਸ਼ਵਾਸਾਂ ਅਤੇ ਭਰਮ ਵਿੱਚ ਦੱਸਦੇ ਹਨ ਕਿ ਰੀਤਾਂ ਉਸ ਗਰਭ ਸਮੇਂ ਤੋਂ ਹੀ ਆਰੰਭ ਹੋ ਜਾਂਦੀਆਂ ਹਨ ਜਦੋਂ ਲੜਕਾ ਜਾਂ ਲੜਕੀ ਬਾਰੇ ਕੁਝ ਨਿਸ਼ਚਿਤ ਪਤਾ ਨਹੀਂ ਹੁੰਦਾ ਪਰ ਆਸਾ ਸਭ ਦੀ ਪੁੱਤਰ ਖਿਡਾਉਣ ਦੀ ਹੁੰਦੀ ਹੈ ਪੁੱਤਰ ਦੇ ਜਨਮ ਸਮੇਂ ਅਨੇਕਾਂ ਪ੍ਰਕਾਰ ਦੀਆਂ ਰੀਤਾਂ ਕੀਤੀਆਂ ਜਾਂਦੀਆਂ ਹਨ। ਅਤੇ ਲੜਕੀ ਤੇ ਜਮ ਸਮੇਂ ਘਰ ਵਿੱਚ ਠੀਕਰੀ ਭੰਨੀ ਜਾਂਦੀ ਹੈ, ਅਫਸੋਸ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ ਕੋਈ ਬਹੁਤ ਵੱਡੀ ਮੁਸੀਬਤ ਆ ਗਈ ਹੋਵੇ |ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਸਮੇਂ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਸਾਰੀਆਂ ਰੀਤਾਂ ਕੀਤੀਆਂ ਜਾਂਦੀਆਂ ਹਨ|

ਰੀਤਾ ਰਿਵਾਜ਼ਾਂ ਦਾ ਬਹੁਤ ਵਿਸ਼ਾਲ ਘੇਰਾ ਹੈ| ਰੀਤ ਰਿਵਾਜ ਸਮਾਜਿਕ ਅਤੇ ਸਭਿਆਚਾਰਕ ਤੌਰ ਤੇ ਭੂਮਿਕਾ ਨਿਭਾਉਂਦੇ ਹਨ |ਇਹ ਰੀਤਾਂ ਜਨਮ ਸਮੇਂ ਤੋਂ ਮਰਨ ਤੱਕ ਵੱਖ ਵੱਖ ਤਰੀਕਿਆਂ ਨਾਲ ਕੀਤੀਆਂ ਜਾਂਦੀਆਂ ਹਨ |ਕਈ ਵਾਰੀ ਖੇਤਰੀ ਭਿMਨਤਾ ਦੇਖਣ ਨੂੰ ਮਿਲਦੀ ਹੈ |ਵਿਆਹ ਸਮੇਂ ਵੀ ਰਸਮਾਂ ਰੀਤਾਂ ਦਾ ਪ੍ਰਚਲਨ ਹੈ| ਵਿਆਹ ਸਮੇਂ ਦੀਆਂ ਰਸਮਾਂ ਖਿੱਤੇ ਅਤੇ ਧਾਰਮਿਕ ਅਕੀ|ਦਆਂ ਮੁਤਾਬਿਕ ਬਦਲਦੀਆਂ ਪੰਜਾਬੀ ਰੀਤਾਂ ਵਿੱਚ ਜੰਮਦੇ ਹਨ ਅਤੇ ਰੀਤਾਂ ਵਿੱਚ ਹੀ ਮਰਦੇ ਹਨ| ਪੰਜਾਬੀ ਲੋਕਾਂ ਦਾ ਜੀਵਨ ਪੰਜਾਬੀ ਭਾਈਚਾਰੇ ਦੇ ਨੱਕ ਨਾਲ ਗਹਿਰੇ ਤਰੀਕੇ ਨਾਲ ਜੁੜਿਆ ਹੋਇਆ ਹੈ ਇਹਨੂੰ ਮੰਨਣਾ ਪਹਿਰਾ ਦੇਣਾ ਪਾਲਣ ਨਾਲ ਹੀ ਪੰਜਾਬੀ ਲੋਕਾਂ ਦਾ ਨੱਕ ਰਹਿੰਦਾ ਹੈ ਕੋਈ ਵੀ ਬੰਦਾ ਆਪਣੇ ਭਾਈਚਾਰੇ ਆਪਣੇ ਸਕੇ ਸਹੇਲੇ ਰਿਸ਼ਤੇਦਾਰਾਂ ਵਿੱਚ ਨੱਕ ਨਹੀਂ ਬਣਾਉਣਾ ਚਾਹੁੰਦਾ ਇਸ ਤਰ੍ਹਾਂ ਉਹ ਆਪਣੀ ਮੌਜੂਦਾ ਤੇ ਆਰਥਸਤੀ ਤੋਂ ਬਾਹਰ ਜਾ ਕੇ ਲੋਕਚਾਰੀ ਦੀ ਪਾਲਣਾ ਕਰਦਾ ਹਰ ਭਾਈਚਾਰੇ ਵੀ ਆਪਣੇ ਵੱਖਰੇ ਰੀਤੀ ਰਿਵਾਜ ਤੇ ਮਨੋਤਾਂ ਹਨ ਜੋ ਉਹਨਾਂ ਦੀ ਜੀਵਨ ਜਾਂਚ ਰਹਿਣੀ ਬਹਿਣੀ ਵਿੱਚੋਂ ਨਿਕਲਦੀਆਂ ਹਨ ਕਿਤੇ ਨਾ ਕਿਤੇ ਇਹ ਰਹਰੀਤਾਂ ਜਾਤੀ ਸੰਕਲਪ ਦੇ ਆਪਣੇ ਆਪਣੇ ਤੌਰ ਤਰੀਕਿਆਂ ਵਿੱਚੋਂ ਨਿਤਰ ਕੇ ਨਿਕਲਦੀਆਂ ਹਨ ਸਾਡੀਆਂ ਜਾਂ ਮਨੁੱਖੀ ਸੰਸਕਾਰਾਂ ਵਿੱਚ ਬੱਜੇ ਹੋਏ ਬੰਦੇ ਦੀਆਂ ਰਹੁ ਰੀਤਾਂ ਰਿਵਾਜਾਂ ਜਾਣ ਉੱਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ ਅਤੇ ਸੰਸਕਾਰ ਤੋਂ ਬਾਅਦ ਮਨੁੱਖ ਦੀ ਆਤਮਿਕ ਸ਼ਾਂਤੀ ਜਾਂ ਗਤੀ ਲਈ ਚਲਦੀਆਂ ਰਹਿੰਦੀਆਂ ਹਨ |

ਜਨਮ ਸਮੇਂ ਦੀਆਂ ਰਸਮਾਂ ; ਜਨਮ ਸੰਬੰਧੀ ਰੀਤਾਂ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਇਸਤਰੀ ਦੇ ਗਰਭ ਸਮੇਂ ਤੋਂ ਹੀ ਕੀਤੀਆਂ ਜਾਂਦੀਆਂ ਰੀਤਾਂ ਬਾਰੇ ਪੰਜਾਬੀ ਲੋਕਾਂ ਵਿੱਚ ਵੱਖਰੇ ਵੱਖਰੇ ਤਰੀਕੇ ਹਨ ਜਨ ਸਬੰਧੀ ਰੀਤਾਂ ਬਾਰੇ ਸਭ ਤੋਂ ਪਹਿਲਾਂ ਗਰਭਵਤੀ ਇਸਤਰੀ ਦੇ ਪੱਲੇ ਨਾਲ ਅਨਾਜ ਬੰਨਿਆ ਜਾਂਦਾ ਹੈ ਜਿਆਦਾ ਜਿਸ ਦਾ ਮਕਸਦ ਇਹ ਦੱਸਿਆ ਜਾਂਦਾ ਹੈ ਕਿ ਗਰਭ ਸਮੇਂ ਔਰਤ ਨੂੰ ਤੂਤਾਂ ਪ੍ਰੇਤਾਂ ਤੇ ਨਜ਼ਰਾਂ ਤੋਂ ਬਚਾਇਆ ਜਾ ਸਕਦਾ ਜੇਕਰ ਔਰਤ ਪੇਕੇ ਹੋਵੇ ਤਾਂ ਮਾਪੇ ਅਨਾਜ ਭੇਜਦੇ ਹਨ ਪੱਲੇ ਪਾਉਂਦੀ ਹੈ ਰਿੰਨ ਕੇ ਖਾਂਦੇ ਹਨ ਆਪਣੇ ਸਕੇ ਸਬੰਧੀ ਨਾਲ ਵੰਡ ਕੇ ਸਾਂਝਾ ਖਾਂਦੇ ਹਨ ਲੋਕਾਂ ਦਾ ਇਹ ਮੰਨਣਾ ਹੈ ਕਿ ਗਰਭਵਤੀ ਔਰ ਤੇ ਲੜ ਬੰਨਿਆ ਕੱਚਾ ਅਨਾਜ ਕੱਚ ਸੂਤਕਬਾਲ ਦੀ ਗਰ ਵਿੱਚ ਪੁੱਤਾਂ ਪ੍ਰੇਤਾਂ ਤੋਂ ਰੱਖਿਆ ਕਰਦਾ ਹੈ ਜਨਮ ਸਮੇਂ ਕੀਤੀਆਂ ਜਾਣ ਵਾਲੀਆਂ ਰੀਤਾਂ ਰਸਮਾਂ ਰਿਵਾਜਾਂ ਦਾ ਇਲਾਕਿਆਂ ਜਾਤਾਂ ਧਰਮਾਂ ਦੇ ਹਿਸਾਬ ਨਾਲ ਵੱਖਰੇ ਵੱਖਰੇ ਤਰੀਕੇ ਨਾਲ ਮਨੋਤ ਹੁੰਦੀ ਹੈ ਕਈ ਥਾਵਾਂ ਤੇ ਮਾਪੇ ਸੁਧਾਰਾਂ ਭੇਜਦੇ ਹਨ ਇਸ ਨੂੰ ਮਿੱਠਾ ਬੋਹੀਆ ਕਹਿੰਦੇ ਹਨ ਕੁਝ ਥਾਵਾਂ ਤੇ ਕੁੜੀ ਦੀ ਨਨਾਣ ਆਪਣੀ ਭਰਜਾਈ ਦੇ ਅੱਖਾਂ ਵਿੱਚ ਸਰਮਾ ਵੀ ਪਾਉਂਦੀ ਹੈ ਇਸ ਨੂੰ ਅੱਖ ਸਲਾਈ ਵੀ ਕਹਿੰਦੇ ਹਨ ਬੱਚੇ ਦੇ ਜਨਮ ਤੱਕ ਇਸ ਤੋਂ ਬਾਅਦ ਸੁਰਮਾ ਪੌਣਾ ਵਰਜਿਤ ਹੁੰਦਾ ਹੈ ਗਰਬਤੀ ਔਰਤ ਦਾ ਕਿਸੇ ਮਰਨੇ ਪਰਨੇ ਤੇ ਵੀ ਜਾਣਾ ਮਨਾ ਹੁੰਦਾ ਹੈ। ਕਿਸੇ ਵਿਧਵਾ ਜਾਂ ਬਾਂਜ ਔਰਤ ਨੂੰ ਮੱਥੇ ਲਾਉਣ ਤੋਂ ਵਰਜਿਆ ਜਾਂਦਾ ਹੈ ਇਸ ਤੋਂ ਬਿਨਾਂ ਜੇਕਰ ਪਿੰਡ ਵਿੱਚ ਕਿਸੇ ਦੀ ਨਜ਼ਰ ਲੱਗਦੀ ਹੋਵੇ ਜਾਂ ਮੰਨਿਆ ਜਾਵੇ ਕਿ ਇਹ ਮੱਥੇ ਲਾਇਆ ਔਰਤ ਜਾਂ ਮਰਦ ਮਾੜੇ ਹਨ ਗਰਭ ਤੇ ਔਰਤ ਨੂੰ ਇਹਨਾਂ ਦੇ ਮੱਥੇ ਲਾਉਣ ਤੋਂ ਵਰਜਿਆ ਜਾਂਦਾ ਹੈ। ਪੰਜਾਬ ਵਿੱਚ ਇਹ ਗੱਲ ਪੁਰਾਤਨ ਸਮੇਂ ਤੋਂ ਹੀ ਆਮ ਹੈ ਗਰਭਵਤੀ ਔਰਤ ਦਾ ਜਨੇਪਾ ਪਹਿਲੀ ਵਾਰ ਉਸਦੇ ਪੇਕੇ ਪਿੰਡ ਹੀ ਕਰਵਾਇਆ ਜਾਂਦਾ ਜਿਸ ਕਮਰੇ ਵਿੱਚ ਰੱਖਿਆ ਜਾਂਦਾ ਹੈ ਉਸ ਨੂੰ ਛਿਲੇ ਵਾਲਾ ਕਮਰਾ ਕਿਹਾ ਜਾਂਦਾ ਹੈ ਜਨੇਪੇ ਤੋਂ ਬਾਅਦ ਔਰਤ ਦੇ ਮੰਜੇ ਥੱਲੇ ਅਨਾਜ ਲੋਹੇ ਦਾ ਕੜਾ ਜਾਂ ਦਾਤੀ ਰੱਖੀ ਜਾਂਦੀ ਹੈ| ਕਈ ਥਾਵਾਂ ਤੇ ਅਨਪਹਿਰੀ ਜੋਤ ਜਗਦੀ ਰੱਖੀ ਜਾਂਦੀ ਹੈ ਬੱਚੇ ਦੇ ਜਨਮ ਸਮੇਂ ਗੁੜਤੀ ਦੇਣ ਦਾ ਰਿਵਾਜ਼ ਮੰਨਿਆ ਜਾਂਦਾ ਹੈ| ਬੱਚੇ ਨੂੰ ਗੁੜਤੀ ਦੇਣ ਦੀ ਰੀਤ ਕਾਫੀ ਮਹੱਤਵਪੂਰਨ ਹੈ ਆਮ ਧਾਰਨਾ ਵਿੱਚ ਇਹ ਵੀ ਹੈ ਕਿ ਜਿਹੜਾ ਗੁੜਤੀ ਦਿੰਦਾ ਹੈ| ਬੱਚੇ ਦਾ ਸੁਭਾਅ ਉਸ ਤੇ ਚਲਾ ਜਾਂਦਾ ਹੈ ਕੋਰੇ ਚੱਪਣ ਵਿੱਚ ਦੀਵੇ ਦੀ ਬੱਤੀ ਜਿਹੀ ਰੂ ਨੂੰ ਲਾ ਕੇ ਚਟਾ ਦਿੱਤਾ ਜਾਂਦਾ ਹੈ ਅੱਜ ਕੱਲ ਗੁੜਤੀ ਦੇਣ ਦਾ ਰਿਵਾਜ ਇਹ ਹੈ |

ਬਾਹਰ ਵਧਾਉਣ ਦੀ ਰਸਮ ਯਸ ਕਮਰੇ ਵਿੱਚ ਬੱਚੇ ਦਾ ਜਨਮ ਹੋਇਆ ਹੋਵੇ ਉਸ ਤੋਂ ਸੱਤਵੇਂ ਨੋਵੇਂ ਗਿਆਰਵੇਂ ਦਿਨ ਬਾਹਰ ਕੱਢਿਆ ਜਾਂਦਾ ਹੈ| ਬਹਾਰ ਵਧਾਉਣ ਸਮੇਂ ਤੱਕ ਬੱਚੇ ਪਾਸ ਸਾਰੀ ਰਾਤ ਦੀਵਾ ਜਗਾ ਕੇ ਰੱਖਿਆ ਜਾਂਦਾ ਜਦੋਂ ਵੀ ਜਾਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਹੈ ਤਾਂ ਉਸ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ| ਜਦੋਂ ਔਰਤ ਘਰ ਦੀ ਦਲੀਲ ਤੋਂ ਬਾਹਰ ਪੈਰ ਰੱਖਦੀ ਹੈ ਜਾਂ ਅੱਜ ਕੱਲ ਜੋ ਹਸਪਤਾਲਾਂ ਤੋਂ ਘਰ ਆਉਂਦੀ ਹੈ ਕoਲਿਆਂ ਉੱਪਰ ਤੇਲ ਚੋਇਆ ਜਾਂਦਾ ਹੈ ਜਾਪੇ ਵਾਲੀ ਔਰਤ ਕਿਸੇ ਮਰਦ ਪੁਰਸ਼ ਦੀ ਜੁੱਤੀ ਪਾ ਕੇ ਬਾਹਰ ਨਿਕਲਦੀ ਹੈ ਜਾਪੇ ਵਾਲੀ ਨੂੰ ਲੜਕੇ ਦਾ ਪੱਲਾ ਫੜਾ ਕੇ ਬਾਹਰ ਕੱਢਿਆ ਜਾਂਦਾ ਹੈ ਭੇਲੀ ਤੇ ਸ਼ੂਸ਼ਕ ਦੀ ਰਸਮ ਸਮਾਂ ਬਾਹਰ ਵਧਾਉਣ ਵੇਲੇ ਬੱਚੇ ਦੇ ਨਾਨਕਿਆਂ ਵੱਲੋਂ ਪੰਜੀਰੀ ਭੇਜੀ ਜਾਂਦੀ ਹੈ। ਜੋ ਕਿ ਦਾਦਕਿਆਂ ਨੂੰ ਦਿੱਤੀ ਜਾਂਦੀ ਹੈ, ਪੰਜੀਰੀ ਕੋਈ ਲਾਗੀ ਜਾਂ ਘਰ ਦਾ ਮੈਂਬਰ ਲੈ ਕੇ ਜਾਂਦਾ ਹੈ। ਪੰਜੀਰੀ ਮਾਂ ਲਈ ਘਿਓ ਅਤੇ ਦੇਸੀ ਦਵਾਈਆਂ ਰਲਾ ਕੇ ਨਾਲ ਹੀ ਪਤਾਸੇ ਮਠਿਆਈਆਂ ਜਾਂ ਗੁੜ ਬੱਚੇ ਲਈ ਕੱਪੜੇ ਖਿਡਾਉਣੇ ਗਹਿਣੇ ਆਦਿ ਸਮਰੱਥਾ ਅਨੁਸਾਰ ਲੋਕ ਲੈ ਕੇ ਜਾਂਦੇ ਹਨ ਸਵਾ ਮਹੀਨਾ ਹੋਣ ਤੇ ਦਾਦਕੇ ਜਾਂ ਸਹੁਰੇ ਪਰਿਵਾਰ ਬੱਚੇ ਨੂੰ ਆਪਣੇ ਘਰ ਲੈ ਜਾਂਦੇ ਹਨ |ਅੱਜ ਕੱਲ ਜੇ ਦਾਤਕੇ ਜੀ ਨੇ ਆਪਾਂ ਹੋਇਆ ਹੋਵੇ ਤਾਂ ਨਾਨਕੇ ਸਵਾ ਮਹੀਨੇ ਬਾਅਦ ਬੱਚੇ ਅਤੇ ਉਸਦੀ ਮਾਂ ਨੂੰ ਲੈ ਜਾਂਦੇ ਹਨ ਇਸ ਸਮੇਂ ਸੂਸ਼ਕ ਦੀ ਰਸ਼ਮ ਹੁੰਦੀ ਹੈ ਜਿਸ ਵਿੱਚ ਦਾਜ ਵਾਂਗ ਕੱਪੜੇ ਲਾਏ ਦਿੱਤੇ ਜਾਂਦੇ ਹਨ ਬੱਚੇ ਲਈ ਖਿਡਾਉਣੇ ਹੁੰਦੇ ਹਨ ਸਕੇ ਸ਼ਰੀਕੇ ਭਾਈਚਾਰੇ ਵਿੱਚ ਪ੍ਰਦਰਸ਼ਨੀ ਲਾ ਕੇ ਕੱਪੜੇ ਦਿਖਾਏ ਜਾਂਦੇ ਹਨ ਵਸਤਾਂ ਦਿਖਾਈਆਂ ਜਾਂਦੀਆਂ ਹਨ

ਖੁਸ਼ੀ ਵਿੱਚ ਖੁਸਰਿਆਂ ਦਾ ਸਰੀਕ ਹੋਣਾ ;ਕਾ ਹੋਣ ਤੇ ਖੁਸਰਿਆਂ ਵੱਲੋਂ ਖੁਸ਼ੀ ਵਿੱਚ ਪੈਰੀ ਘੁੰਗਰੂ ਬੰਨ ਕੇ ਢੋਲਕੀ ਦੀ ਤਾਰ ਉੱਪਰ ਬੋਲੀਆਂ ਪਾ ਕੇ ਨੱਚਿਆ ਜਾਂਦਾ ਹੈ ਖੁਸਰੇ ਕੀਤ ਬੋਲੀਆਂ ਗਿੱਧਾ ਪਾ ਕੇ ਖੁਸ਼ੀ ਚ ਸਕੇ ਸਬੰਧੀਆਂ ਨੂੰ ਵਧਾਈਆਂ ਦਿੰਦੇ ਹਨ ਪੰਜਾਬੀ ਸਮਾਜ ਵਿੱਚ ਖੁਸਰੇ ਵਿਆਹ ਸਮੇਂ ਵੀ ਨੱਚ ਕੇ ਜਾਂਦੇ ਹਨ ਜਿਸ ਨੂੰ ਰੱਬ ਦੀ ਰਹਿਮਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਬੱਚੇ ਦੇ ਨਾਮ ਕਰਨ ਦੀ ਰੀਤ ਵੀ ਪੰਜਾਬ ਦੇ ਮੁਆਸ਼ਰੇ ਵਿੱਚ ਕਿਸੇ ਗ੍ਰੰਥੀ ਸਿੰਘ ਜਾਂ ਪੰਡਤ ਤੋਂ ਧਾਰਮਿਕ ਗ੍ਰੰਥਾਂ ਵਿੱਚੋਂ ਪਹਿਲੇ ਸਲੋਕ ਦੇ ਪਹਿਲੇ ਅੱਖਰ ਤੋਂ ਨਾਮ ਲਿਆ ਜਾਂਦਾ ਹੈ ਕੜਜਾ ਕਢਵਾਇਆ ਜਾਂਦਾ ਹੈ

ਸ਼ਟੀ ਦੀ ਰਸਮ ਪੰਜਾਬੀ ਮਾਸ਼ਰੇ ਵਿੱਚ ਬੜੀ ਅਹਿਮ ਮੰਨੀ ਜਾਂਦੀ ਹੈ ਜਦੋਂ ਪਹਿਲਾਂ ਲੜਕਾ ਪੈਦਾ ਹੁੰਦਾ ਹੈ ਤਾਂ ਉਸਦੀ ਖੁਸ਼ੀ ਵਿੱਚ ਆਪਣੇ ਧਾਰਮਿਕ ਗੀਤ ਦੇ ਅਨੁਸਾਰ ਪੂਜਾ ਪਾਠ ਜਾਂ ਅਖੰਡ ਪਾਠ ਕਰਵਾਏ ਜਾਂਦੇ ਹਨ ਉਸ ਸਮੇਂ ਆਪਣੇ ਰਿਸ਼ਤੇਦਾਰਾਂ ਤੇ ਪਿੰਡ ਦੇ ਸੱਜਣਾਂ ਨੂੰ ਸੱਦਿਆ ਜਾਂਦਾ ਹੈ ਸਾਰੇ ਲੋਕਾਂ ਸਾਰੇ ਲੋਕ ਵਧਾਈਆਂ ਦਿੰਦੇ ਹਨ। ਮੁੰਡੇ ਦੇ ਨਾਨਕੇ ਆਪਣੀ ਸਮਰੱਥਾ ਅਨੁਸਾਰ ਗਹਿਣੇ ਕੱਪੜੇ ਖਿਡਾਉਣੇ ਆਦਿ ਸਮਾਨ ਆਪਣੀ ਧੀ ਅਤੇ ਭਾਣਜੇ ਲਈ ਲੈ ਕੇ ਆਉਂਦੇ ਹਨ ਮੁੰਡੇ ਦੇ ਚਾਚੇ ਤਾਏ ਵੀ ਕੱਪੜੇ ਦਿੰਦੇ ਹਨ ਸਾਰੇ ਰਿਸ਼ਤੇਦਾਰਾਂ ਵੱਲੋਂ ਮੁੰਡੇ ਨੂੰ ਸ਼ਗਨ ਦਿੱਤਾ ਜਾਂਦਾ ਹੈ ਸੁਨਿਆਰੇ ਤੋਂ ਤੜਾਗੀ ਵਿੱਚ ਪਾਉਣ ਲਈ ਘੁੰਗਰੂ ਲੈ ਜਾਂਦੇ ਹਨ ਇਹਨਾਂ ਰਸਮਾਂ ਨੂੰ ਵੱਖ-ਵੱਖ ਜਾਤਾਂ ਵਿੱਚ ਥੋੜੇ ਬਹੁਤੇ ਫਰਕ ਨਾਲ ਮਨਾਇਆ ਜਾਂਦਾ ਹੈ। ਇਸ ਤਰ੍ਹਾਂ ਸਾਰੇ ਇਕੱਠੇ ਹੋ ਕੇ ਸ਼ਟੀ ਦੀ ਰਸਮ ਮਨਾਉਂਦੇ ਹਨ। ਬਹੁਤ ਸਾਰੀਆਂ ਰੀਤਾਂ ਵਿਗਿਆਨਿਕ ਨੁਕਤੇ ਤੋਂ ਉਪਜੋਗੀ ਮੰਨੀਆਂ ਜਾਂਦੀਆਂ ਹਨ ਇਸ ਕਿਸੇ ਸਮੇਂ ਇਸ ਦਾ ਜਰੂਰੀ ਵਿਗਿਆਨਿਕ ਮਹੱਤਵ ਹੋਵੇਗਾ

ਵਿਆਹ ਨਾਲ ਸੰਬੰਧਿਤ ਰੀਤੀ ਰਿਵਾਜ ;ਪੰਜਾਬੀ ਮੁਆਸ਼ਰੇ ਵਿੱਚ ਵਿਆਹ ਇੱਕ ਬਹੁਤ ਹੀ ਖੁਸ਼ੀ ਦਾ ਮੌਕਾ ਹੁੰਦਾ ਹੈ ਸਾਰੇ ਰਿਸ਼ਤੇਦਾਰ ਅਤੇ ਕਰੀਬੀਆਂ ਲਈ ਇਹ ਮੌਕਾ ਬਹੁਤ ਚਾਵਾਂ ਵਾਲਾ ਹੁੰਦਾ ਹੈ ਪੰਜਾਬੀ ਵਿਆਹਾਂ ਵਿੱਚ ਬਹੁਤ ਸਾਰੀਆਂ ਰੀਤਾਂ ਕੀਤੀਆਂ ਜਾਂਦੀਆਂ ਹਨ। ਜੋ ਕਿ ਅਲੱਗ ਅਲੱਗ ਧਾਰਮਿਕ ਤੇ ਸਮਾਜਿਕ ਤਰੀਕਿਆਂ ਦੁਆਰਾ ਕੀਤੀਆਂ ਜਾਂਦੀਆਂ ਹਨ ਬਹੁਤ ਸਾਰੀਆਂ ਰਸਮਾਂ ਖੇਤਰ ਦੇ ਹਿਸਾਬ ਨਾਲ ਥੋੜੇ ਬਹੁਤੇ ਅੰਤਰ ਨਾਲ ਕੀਤੀਆਂ ਜਾਂਦੀਆਂ ਹਨ। ਵਿਆਸ ਸਮੇਂ ਸਭ ਤੋਂ ਮਹੱਤਵਪੂਰਨ ਕੰਮ ਵਰਦੀ ਭਾਲ ਜਾਂ ਚੋਣ ਹੁੰਦਾ ਹੈ ਸਭ ਤੋਂ ਮੁਸ਼ਕਿਲ ਕੰਮ ਹੈ ਕਿਉਂਕਿ ਪਰਿਵਾਰ ਵੱਲੋਂ ਯੋਗ ਵਰਦੀ ਪਾਲ ਹਾਣ ਦਾ ਰਿਸ਼ਤਾ ਲੱਭਣਾ ਪਰਿਵਾਰਕ ਤੰਦਾਂ ਦਾ ਮਿਲਣਾ ਬਹੁਤ ਜਰੂਰੀ ਹੁੰਦਾ ਹੈ। ਇਸ ਲਈ ਕੁੜੀ ਦੀ ਦੇ ਸਹੱਪਣ ਅਤੇ ਮੁੰਡੇ ਦੀ ਜਾਇਦਾਦ ਨੂੰ ਮੁੱਖਦਾਰ ਬਣਾ ਕੇ ਵਰਦੀ ਭਾਲ ਕੀਤੀ ਜਾਂਦੀ ਹੈ। ਪੁਰਾਣੇ ਸਮੇਂ ਵਿੱਚ ਨਾਈ ਪਰੋਹਤ ਪਾਂਧੇ ਹੀ ਵਰ ਲੱਭ ਕੇ ਵਿਆਹ ਕਰਵਾਉਂਦੇ ਸਨ ਅੱਜ ਕੱਲ ਸ਼ਾਦੀ ਡਾਟ ਕਾਮ ਵਰਗੀਆਂ ਐਪਾਂ ਦੁਬਾਰਾ ਵੀ ਰਿਸ਼ਤੇ ਹੁੰਦੇ ਹਨ ਪਰ ਅੱਜ ਕੱਲ ਵੀ ਵਿਚੋਲੇ ਦਾ ਅਹਿਮ ਰੋਲ ਹੈ ਜੋ ਦੋਨੋ ਤਰਹਾਂ ਵਿਚਲੇ ਤੰਦਾਂ ਨੂੰ ਜੋੜਨ ਅਤੇ ਸਫਲਤਾ ਪੂਰਵਕ ਕਾਰਜ ਨੂੰ ਸਿਰੇ ਚੜਾਉਣ ਦਾ ਕੰਮ ਕਰਦਾ ਹੈ। ਅੱਜ ਕੱਲ ਰੇਖਾ ਵਿਖਾਈ ਦਾ ਕੰਮ ਵੀ ਕੀਤਾ ਜਾਂਦਾ ਹੈ ਕਿਉਂਕਿ ਇਸ ਸਮੇਂ ਦੇ ਬਦਲ ਨਾਲ ਬੱਚੇ ਇੱਕ ਦੂਜੇ ਨੂੰ ਦੇਖ ਲੈਣਾ ਪਰ ਬਾਅਦ ਵਿੱਚ ਕੋਈ ਗਿਲਾ ਸ਼ਿਕਵਾ ਨਾ ਕਰਨ ਤੇ ਇੱਕ ਦੂਜੇ ਨੂੰ ਪਸੰਦ ਕਰ ਲੈਣ ਜਦੋਂ ਵੀ ਮੁੰਡੇ ਕੁੜੀ ਇੱਕ ਦੂਜੇ ਨੂੰ ਪਸੰਦ ਕਰਦੇ ਹਨ ਤਾਂ ਰੋਕਾ ਕੀਤਾ ਜਾਂਦਾ ਹੈ। ਜਿਸ ਨੂੰ ਸ਼ਗਨ ਕਰਨਾ ਠਾਕ ਆ ਕਰਨਾ ਮੰਗਣਾ ਕਰਨਾ ਬੋਲਿਆ ਜਾਂਦਾ ਲੜਕੇ ਦੇ ਘਰ ਲੜਕੀ ਵਾਲੇ ਸ਼ਗਨ ਅਤੇ ਹੋਰ ਸਮਾਨ ਦੇ ਕੇ ਆਉਂਦੇ ਹਨ ਫਿਰ

ਛੁਹਾਰਾ ਲਾਉਣ ਦੀ ਰਸਮ ਕੀਤੀ ਜਾਂਦੀ ਹੈ ਲੜਕੇ ਦਾ ਪਿਤਾ ਲੜਕੀ ਦੀ ਹੱਥ ਸਵਾ ਰੁਪਏ ਧਰਦਾ ਹੈ ਸੁੱਕੇ ਮੇਵੇ ਉਸ ਦੀ ਝੋਲੀ ਪਾਉਂਦਾ ਹੈ। ਵਿਆਹ ਸਮੇਂ ਮੁੰਡੇ ਦੇ ਘਰ ਘੋੜੀਆਂ ਤੇ ਕੁੜੀ ਦੇ ਘਰ ਸੁਹਾਗ ਗਾਏ ਜਾਂਦੇ ਹਨ

ਸਾਹਾ ਕਢਾਉਣਾ ; ਵਿਆਹ ਲਈ ਚੰਗੇ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਸਾਹਾ ਕਢਵਾਇਆ ਜਾਂਦਾ ਹੈ ਹਿੰਦੂਆਂ ਵਿੱਚ ਸ਼ਰਾਧ ਅਤੇ ਤਾਰਾ ਡੁੱਬਣ ਹੋਣਾ ਚੰਗਾ ਨਹੀਂ ਮੰਨਿਆ ਜਾਂਦਾ ਇਸ ਲਈ ਉਹਨਾਂ ਦਿਨਾਂ ਦਾ ਪਰਹੇਜ਼ ਕੀਤਾ ਜਾਂਦਾ ਹੈ ਸਾਹਾ ਕਢਾਉਣ ਦਾ ਕੰਮ ਮੁੰਡੇ ਵਾਲਿਆਂ ਨੂੰ ਸੌਂਪਿਆ ਜਾਂਦਾ ਹੈ ਕਈ ਵਾਰ ਦੋਵੇਂ ਤਰਹਾਂ ਹੀ ਸਾਹਾ ਕਢਵਾ ਲੈਂਦੀਆਂ ਹਨ ਸਿੱਖਾਂ ਵਿੱਚ ਜੰਤਰੀ ਦੇਖ ਕੇ ਸਾਹਾ ਕਢਵਾਇਆ ਜਾਂਦਾ ਹੈ ਬਹੁਤ ਸਾਰੇ ਲੋਕ ਕੋਈ ਵਿਚਾਰਾਂ ਵਿਚਾਰਾਂ ਵਿੱਚ ਨਹੀਂ ਪੈਂਦੇ ਜਦੋਂ ਸਹੀ ਸਮਾਂ ਲੱਗਦਾ ਹੈ ਵਿਆਹ ਦਾ ਦਿਨ ਨਿਸ਼ਚਿਤ ਕਰ ਲੈਂਦੇ ਹਨ ਸਾਹੇ ਚਿੱਠੀ ਬਣਾ ਕੇ ਨਾਈ ਜਾਂ ਘਰ ਦਾ ਮੈਂਬਰ ਵਿਚੋਲਾ ਮੁੰਡੇ ਵਾਲਿਆਂ ਨੂੰ ਸਾਹਾ ਚਿੱਠੀ ਭੇਜ ਦਿੰਦਾ ਹੈ ਜਿਸ ਵਿੱਚ ਵਿਆਹ ਦਾ ਦਿਨ ਬਰਾਤ ਦੀ ਗਿਣਤੀ ਆਦਿ ਬਾਰੇ ਲਿਖਿਆ ਹੁੰਦਾ ਹੈ ਚਿੱਠੀ ਵਾਲੇ ਨੂੰ ਤੇਲ ਚੋ ਕੇ ਸ਼ਗਨ ਦਿੱਤਾ ਜਾਂਦਾ ਹੈ ਵਿਆਹ ਬੰਨਣ ਤੋਂ ਬਾਅਦ ਸਾਹਾ ਬੰਨਿਆ ਜਾਂਦਾ ਹੈ ਜਿਸ ਵਿੱਚ ਵਿਆਹ ਵਾਲੇ ਮੁੰਡੇ ਅਤੇ ਕੁੜੀ ਨੂੰ ਘਰੋਂ ਬਾਹਰ ਨਹੀਂ ਕੱਢਿਆ ਜਾਂਦਾ ਜਾਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ ਅਤੇ ਕੰਮ ਤੋਂ ਵੀ ਵਰਜਿਆ ਜਾਂਦਾ ਹੈ ਇਸ ਤਰ੍ਹਾਂ ਕਰਨ ਨਾਲ ਮੁੰਡੇ ਕੁੜੀ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਵਿਆਹ ਵਜਣ ਤੋਂ ਵਰੀ ਬਣਾਈ ਜਾਂਦੀ ਹੈ ਜਿਸ ਵਿੱਚ ਮੁੰਡੇ ਵੱਲੋਂ ਕੁੜੀ ਲਈ ਗਹਿਣੇ ਕੱਪੜੇ ਬਣਾਏ ਜਾਂਦੇ ਹਨ ਜਿਸ ਵਿੱਚ ਨੇੜਲੇ ਰਿਸ਼ਤੇਦਾਰਾਂ ਨੂੰ ਨਾਲ ਲਿਜਾਇਆ ਜਾਂਦਾ ਹੈ ਅੱਜ ਕੱਲ ਕੁੜੀ ਨੂੰ ਵੀ ਨਾਲ ਲਿਜਾਇਆ ਜਾਣ ਲੱਗਾ ਹੈ।

ਗੰਢ ਭੇਜਣਾ ; ਸਕੇ ਸੰਬਧੀਆਂ ਨੂੰ ਜਦੋਂ ਵਿਆਹ ਵਿੱਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ ਜਾਂਦਾ ਹੈ ਉਸ ਨੂੰ ਗੰਢ ਭੇਜਣਾ ਕਿਹਾ ਜਾਂਦਾ ਹੈ ਪਹਿਲਾਂ ਲੋਕ ਜਿਆਦਾ ਪੜੇ ਲਿਖੇ ਨਹੀਂ ਸਨ ਇਸ ਲਈ ਮੌਲਵੀ ਦੇ ਧਾਗੇ ਨੂੰ ਸੱਤ ਗੰਡਾ ਮਾਰ ਕੇ ਲਾਗੇ ਹੱਥ ਸੁਨੇਹਾ ਭੇਜ ਦਿੱਤਾ ਜਾਂਦਾ ਸੀ ਇਹ ਮੌਲੀ ਸ਼ਗਨ ਦਾ ਪ੍ਰਤੀਕ ਬਣ ਗਈ ਇਸ ਤੋਂ ਬਾਅਦ ਹੌਲੀ ਹੌਲੀ ਇਸਦਾ ਨਾਮ ਗੰਡ ਭੇਜਣਾ ਹੀ ਪੈ ਗਿਆ ਵਿਆਹ ਦੀਆਂ ਰੀਤਾਂ ਵਿੱਚ ਸੱਤ ਸਾਗਣਾ ਦੀ ਰੀਤ ਬਹੁਤ ਖਾਸ ਮਹੱਤਵ ਰੱਖਦੀ ਹੈ ਜਦੋਂ ਵਿਆਹ ਹੁੰਦਾ ਹੈ ਵਿਆਹ ਦੇ ਦਿਨ ਆਟਾ ਤੇ ਮੈਦਾ ਪੀਣ ਦਾਲਾਂ ਦਲਣ ਵਾਲੀਆਂ ਟੁੱਕਣ ਤੇ ਹੋਰ ਨਿੱਕੇ ਵੱਡੇ ਕੰਮ ਸਦ ਸੁਹਾਗਣਾ ਆਪ ਰਲ ਮਿਲ ਕੇ ਕਰਦੀਆਂ ਹਨ ਸਾਤ ਸਾਗਣਾ ਰਲ ਕੇ ਚੱਕੀ ਪੀਂਦੀਆਂ ਹਨ ਸੱਤ ਮੁੱਠਾ ਪਾ ਕੇ ਚੱਕੀ ਪੀਹੀ ਜਾਂਦੀ ਹੈ। ਮਾਂ ਦੀ ਦਾਲ ਪਾਈ ਜਾਂਦੀ ਹੈ ਫਿਰ ਵੜੀਆਂ ਟੁਕੀਆਂ ਜਾਂਦੀਆਂ ਹਨ ਇਹ ਰਸਮ ਸੱਤ ਦਿਨ ਚਲਦੀ ਹੈ ਇਸ ਤੋਂ ਬਿਨਾਂ ਮਾਈਏ ਪਾਈ ਜਾਂਦੇ ਹਨ ਵਟਨਾ ਮਲਬ ਦੀ ਰਸਮ ਕੀਤੀ ਜਾਂਦੀ ਹੈ। ਨਾਈ ਧੋਈ ਦੀ ਕਸਮ ਸਿਹਰੇ ਬੰਨਣ ਦੀ ਰਸਮ ਕੀਤੀ ਜਾਂਦੀ ਹੈ ਸਿਰੇ ਬੰਨਣ ਦੀ ਰਸਮ ਮੁੰਡੇ ਦੀ ਭਰਜਾਈ ਦੁਆਰਾ ਕੀਤੀ ਜਾਂਦੀ ਹੈ ਸੁਰਮਾ ਪਾਈ ਦੀ ਰਸਮ ਕੀਤੀ ਜਾਂਦੀ ਹੈ ਜੰਜ ਆਪਦੇ ਧਾਰਮਿਕ ਸਥਾਨਾਂ ਉੱਪਰ ਮੱਥਾ ਟੇਕ ਕੇ ਫਿਰ ਤੁਰਦੀ ਹੈ ਆਨੰਦ ਕਾਰਜ ਦੀ ਰਸਮ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ 12 ਤੇ ਕੰਨਿਆ ਦੋਨਾਂ ਪਰਿਵਾਰਾਂ ਦੀ ਮੌਜੂਦਗੀ ਵਿੱਚ ਕੀਤੀ ਜਾਂਦੀ ਹੈ ਗ੍ਰਹਿਸਤੀ ਜੀਵਨ ਸਬੰਧੀ ਗ੍ਰੰਥੀ ਸਿੰਘ ਉਪਦੇਸ਼ ਦਿੰਦੇ ਹਨ ਫਿਰ ਫਿਰ ਸੱਸ ਸਹੁਰੇ ਦੁਆਰਾ ਸਗਣ ਦਿੱਤੇ ਜਾਂਦੇ ਹਨ। ਜਦੋਂ ਡੋਲੀ ਘਰ ਆਉਂਦੀ ਹੈ ਪਾਣੀ ਵਾਰਨ ਦੀ ਰਸਮ ਕੀਤੀ ਜਾਂਦੀ ਹੈ ਜੋ ਮੁੰਡੇ ਦੀ ਮਾਂ ਜੋੜੀ ਉੱਤੋਂ ਸੱਤ ਵਾਰ ਪਾਣੀ ਵਾਰ ਕੇ ਪੀਂਦੀ ਹੈ ਇਸ ਦਾ ਮਤਲਬ ਇਹ ਹੈ ਕਿ ਨਵੀਂ ਵੋਟੀ ਦੀਆਂ ਬਲਾਵਾਂ ਉਹ ਆਪਣੇ ਸਿਰ ਲੈਂਦੀ ਹੈ ਅਤੇ ਉਸਦਾ ਪਿਆਰ ਆਪਣਾ ਪਿਆਰ ਉਸ ਨੂੰ ਦਿੰਦੀ ਹੈ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਰਸਮਾਂ ਵਿਆਹ ਸਮੇਂ ਕੀਤੀਆਂ ਜਾਂਦੀਆਂ ਹਨ ਜਿਵੇਂ ਤੇਲ ਚੋਣਾ ਜੰਜ ਬੰਨਣੀ ਸੇਠਣੀਆਂ ਦੇਣੀਆਂ ਘੋੜੀਆਂ ਦੇਣੀਆਂ ਪੱਤਲ ਦੇਣੀ ਜੁੱਤੀ ਚੁੱਕਣਾ ਛੰਦ ਸੁਣਾਉਣੇ ਗਿੱਧਾ ਪਾਉਣਾ ਘੋਟ ਕੱਢਣਾ ਗਾਨਾ ਖੇਡਣਾ ਮੂੰਹ ਵਿਖਾਈ ਛਟੀਆਂ ਖੇਡਣਾ ਮਹਿੰਦੀ ਲਾਉਣਾ ਆਦਿ

ਮਰਨ ਸਬੰਧੀ ਰਸਮਾ ਰੀਤਾਂ ਹਰ ਪੀੜੀ ਵਿੱਚ ਵੱਧ ਘੱਟ ਰੂਪ ਵਿੱਚ ਕੀਤੀਆਂ ਜਾਂਦੀਆਂ ਰਹੀਆਂ ਹਨ ਇਸ ਦੀ ਪਾਲਣਾ ਕਰਨਾ ਜਾਂ ਨਾ ਕਰਨਾ ਕੋਈ ਅਪਰਾਧ ਨਹੀਂ ਪਰ ਜਿਸ ਭਾਈਚਾਰੇ ਵਿੱਚ ਤੁਸੀਂ ਰਹਿੰਦੇ ਹੋ ਉਹਦੀ ਨੁਕਤਾਚੀਨੀ ਦਾ ਸਾਹਮਣਾ ਨਾ ਕਰਨਾ ਪਵੇ ਆਪਣੇ ਵੱਡੇ ਵਡੇਰਿਆਂ ਜਾਂ ਭਾਈਚਾਰੇ ਦੀ ਕਰੋਪੀ ਤੋਂ ਬਚਣ ਲਈ ਲੋਕ ਆਪਣੀ ਲੋਕ ਲੱਜ ਨੂੰ ਬਚਾਉਣ ਲਈ ਰੀਤਾਂ ਵੱਧ ਘੱਟ ਰੂਪ ਵਿੱਚ ਕਰਦੇ ਰਹਿੰਦੇ ਹਨ ਇਸ ਤਰ੍ਹਾਂ ਹੀ ਜਦੋਂ ਮਨੁੱਖ ਦੀ ਮੌਤ ਹੁੰਦੀ ਹੈ ਤਾਂ ਉਸਦੇ ਖੇਤਰ ਇਲਾਕੇ ਧਰਮ ਤੇ ਹਿਸਾਬ ਨਾਲ ਰੀਤਾਂ ਕੀਤੀਆਂ ਜਾਂਦੀਆਂ ਹਨ ਮਨ ਸਮੇਂ ਬੰਦੇ ਨੂੰ ਮੰਜੇ ਤੋਂ ਉਤਾਰ ਲਿਆ ਜਾਂਦਾ ਕਰਨਜੀਤ ਅਨੁਸਾਰ ਮੌਸਮ ਦੀ ਜੋ ਰੀਤਾਂ ਕੀਤੀਆਂ ਜਾਂਦੀਆਂ ਹਨ ਉਸ ਦਾ ਮਤਲਬ ਮਰਨ ਵਾਲੇ ਦੀ ਆਖਰੀ ਪੰਧ ਨੂੰ ਸੁਖਾਲਾ ਕਰਨਾ ਹੈ। ਇਸ ਲਈ ਉਸ ਨੂੰ ਥੱਲੇ ਤਾਰ ਲਿਆ ਜਾਂਦਾ ਹੈ ਇਹ ਲੋਕ ਵਹਿਮ ਹੈ ਕਿ ਮੰਜੀ ਉੱਪਰ ਮੋਇਆ ਵਿਅਕਤੀ ਭੂਤ ਜਾਂ ਪ੍ਰੇਤ ਜੈਨ

ਦੀ ਜੂਨ ਪੈ ਜਾਂਦਾ ਹੈ ਜਾਂ ਇਸ ਪਿੱਛੇ ਵਿਗਿਆਨਕ ਕਾਰਨ ਇਹ ਹੈ ਕਿ ਸਿੱਧੇ ਪਏ ਵਿਅਕਤੀ ਦੇ ਪ੍ਰਾਣ ਸੌਖੇ ਨਿਕਲਦੇ ਹਨ ਅੰਤਿਮ ਸਮੇਂ ਉੱਪਰ ਵਿਅਕਤੀ ਨੂੰ ਉਸਦੇ ਧਾਰਮਿਕ ਅਕੀਦਿਆਂ ਮੁਤਾਬਕ ਸੁਖਮਨੀ ਸਾਹਿਬ ਜਾਂ ਗੀਤਾ ਦਾ ਪਾਠ ਸੁਣਾਇਆ ਜਾਂਦਾ ਹੈ। ਮਰਨ ਵਾਲੇ ਦੇ ਹੱਥੋਂ ਦਾਨ ਪੁੰਨ ਕਰਵਾਉਣ ਦੀ ਵੀ ਰੀਤ ਚਲਦੀ ਆਉਂਦੀ ਹੈ ਕਈ ਲੋਕ ਮਰਨ ਵਾਲੇ ਦੇ ਹੱਥੋਂ ਗਊ ਦਾ ਦਾਨ ਕਰਵਾਉਂਦੇ ਹਨ ਅਤੇ ਇਹ ਲੋਕਾਂ ਵਿੱਚ ਵਿਸ਼ਵਾਸ ਹੈ ਕਿ ਮਰਨ ਵਾਲਾ ਵਿਅਕਤੀ ਗਊ ਦੀ ਪੂਛ ਫੜ ਕੇ ਵੈਤਰਨੀ ਨਦੀ ਨੂੰ ਸੌਖਾ ਪਾਰ ਕਰ ਲਵੇਗਾ ਅਤੇ ਉਸਦੇ ਸਰਾਣੇ ਜੱਗ ਦਾ ਦੀਵਾ ਉਸਦੇ ਆਖਰੀ ਪੰਧ ਨੂੰ ਰੁਸ਼ਨਾਏਗਾ ਪੁਰਾਣੇ ਸਮੇਂ ਵਿੱਚ ਜਿਸ ਵੀ ਔਰਤ ਦਾ ਪਤੀ ਮਰਦਾ ਸੀ ਉਹ ਔਰਤ ਰੋ ਰੋ ਕੇ ਚੂੜੀਆਂ ਧਨਦੀ ਸੀ ਔਰਤਾਂ ਵੈਣ ਪਾਉਂਦੀਆਂ ਅਨੋਣੀਆ ਦਿੰਦੀਆਂ ਸਨ ਪੰਜਾਬ ਵਿੱਚ ਮੁਰਦੇ ਨੂੰ ਰਾਤ ਨਹੀਂ ਰੱਖਿਆ ਜਾਂਦਾ ਦੇਹ ਨੂੰ ਅਰਥੀ ਤੇ ਰੱਖਣ ਲੱਗਿਆਂ ਮੂੰਹ ਪੂਰਬ ਵੱਲ ਕੀਤਾ ਜਾਂਦਾ ਹੈ ਦੇਹ ਨੂੰ ਉਸਦੇ ਵਾਰਸ ਅੱਗ ਲਗਾਉਂਦੇ ਹਨ ਜਾਂ ਠੀਕਰੀ ਪਨਦੇ ਹਨ ਇਸਤਰੀਆਂ ਦੁਆਰਾ ਚਿੱਤਰ ਨੂੰ ਅੱਗ ਨਹੀਂ ਦਿੱਤੀ ਜਾਂਦੀ ਇਸ ਤਰ੍ਹਾਂ ਮੁਰਦੇ ਦੇ ਮੂੰਹ ਵਿੱਚ ਘਿਓ ਪਾਉਣਾ ਪਾਉਣ ਦੀ ਰਸਮ ਹੈ ਹੋਰ ਸਮਗਰੀ ਉਸ ਉੱਪਰ ਪਾਈ ਜਾਂਦੀ ਹੈ ਪੈਸਾ ਉਹਦੇ ਪੈਰਾਂ ਕੰਨੀ ਰੱਖਿਆ ਜਾਂਦਾ ਹੈ ਸੰਸਕਾਰ ਤੋਂ ਦੂਜੇ ਤੀਜੇ ਦਿਨ ਫੁੱਲ ਜਾਂ ਅਸਥੀਆਂ ਚੁਗਲੀਆਂ ਜਾਂਦੀਆਂ ਹਨ ਉਹਨਾਂ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ ਸਿੱਖਾਂ ਵਿੱਚ ਕੀਰਤਪੁਰ ਸਾਹਿਬ ਅਤੇ ਹਿੰਦੂਆਂ ਵਿੱਚ ਗੰਗਾ ਅਸਥੀਆਂ ਜਲ ਪ੍ਰਵਾਹ ਕਰਨ ਦੀ ਮਾਨਤਾ ਪ੍ਰਚੱਲਤ ਹੈ ਪਰ ਸਮੇਂ ਬਦਨ ਨਾਲ ਹੁਣ ਸਾਰੇ ਇਸ ਵਿਸ਼ਵਾਸ ਵਿੱਚ ਜਿਆਦਾ ਵਿਸ਼ਵਾਸ ਨਹੀਂ ਕਰਦੇ ਹਨ ਮੁਸਲਮਾਨਾਂ ਵਿੱਚ ਮੁਰਦੇ ਦਾ ਸੰਸਕਾਰ ਨਹੀਂ ਕੀਤਾ ਜਾਂਦਾ ਮ੍ਰਿਤਕ ਨੂੰ ਦਫਨਾਇਆ ਜਾਂਦਾ ਹੈ ਮੁਸਲਮਾਨਾਂ ਵਿੱਚ ਚਲੀਹੇ ਦੀ ਰਸਮ ਕੀਤੀ ਜਾਂਦੀ ਹੈ ਚਲੀਹਾ ਤੋਂ ਭਾਵ ਹੈ 40 ਦਿਨ ਸੋਗ ਮਨਾਇਆ ਜਾਂਦਾ ਹੈ ਮੁਸਲਮਾਨ ਵੀ ਜਿਆਦਾ ਟਾਈਮ ਮ੍ਰਿਤਕ ਦੀ ਦੇਹ ਨੂੰ ਘਰ ਵਿੱਚ ਨਹੀਂ ਰੱਖਦੇ ਕਈ ਵਾਰ ਕਿਸੇ ਦੀ ਉਡੀਕ ਵੀ ਨਹੀਂ ਕੀਤੀ ਜਾਂਦੀ |

ਕਰਮਜੀਤ ਅਨੁਸਾਰ ਜੀਵਨ ਦੇ ਵੱਖ-ਵੱਖ ਪੜਾਵਾਂ ਨਾਲ ਸੰਬੰਧਿਤ ਇਹ ਰਹu - ਰੀਤਾ ਲੋਕਾਂ ਦੀਆਂ ਭਾਵਨਾਵਾਂ ਉਸਦੇ ਵਿਸ਼ਵਾਸ ਉਸਦੀਆਂ ਕਾਮਨਾਵਾਂ ਤੇ ਜੀਵਨ ਪੱਧਰ ਦਾ ਪਤਾ ਦਿੰਦੀਆਂ ਹਨ ਕਈ ਰੀਤਾਂ ਸਮਾਜ ਦੀ ਤੋਰ ਨੂੰ ਤਿੱਖਿਆ ਕਰਨ ਵਿੱਚ ਸਾਹੀ ਹੁੰਦੀਆਂ ਹਨ ਪਰ ਬਹੁਤੀਆਂ ਸਮਾਜ ਦੇ ਪੈਰਾਂ ਵਿੱਚ ਬੇੜੀਆਂ ਬਣ ਕੇ ਬੱਝ ਜਾਂਦੀਆਂ ਹਨ। ਇਸੇ ਲਈ ਸਮਾਸ ਸੁਧਾਰਕ ਹਮੇਸ਼ਾ ਉਹਨਾਂ ਰੀਤਾਂ ਦਾ ਖੰਡਨ ਕਰਦੇ ਰਹੇ ਹਨ। ਜਿਹੜੀਆਂ ਜੀਵਨ ਦੀ ਗਤੀ ਨੂੰ ਰੋਕਦੀਆਂ ਹਨ |

## References


1. Ghani, A., bin Hj Hassan, Z., & Carlo, D. P. (2022). Cultural Beliefs And Practices Regarding Maternal Health: A Case Study of Rural Areas of Punjab. *Pakistan Journal of Social Research*, *4*(03), 1208-1219.
2. Lund, K. (2024). Birth Care Belief Practices: Traditional Mother–Child Care During Birth in Rural Punjab, Pakistan.
3. Qamar, A. H. (2017). The postpartum tradition of sawa mahina in rural Punjab, Pakistan. *Journal of Ethnology and Folkloristics*, *11*(1), 127-150.
4. Qamar, A. H., & Azher, S. (2024). Birth Care Belief Practices: Traditional Mother–Child Care during Birth in Rural Punjab, Pakistan. *Journal of Ethnology and Folkloristics*, *18*(1), 167-185.
5. Myrvold, K. (2004). Wedding ceremonies in Punjab. *Journal of Punjab Studies*, *11*(2), 155-170.
6. Khan, R. M. Women Roles in Weddings Ethnography of Wedding Rituals Among Rajput in Punjab Pakistan. *ЕтноАнтропоЗум/EthnoAnthropoZoom*.
7. Aadil, M., & Shahzaib, R. (2024). Contextual Representation of Mourning Rituals: A Case Study of Rural Punjab (Pakistan). *Journal of Asian Development Studies*, *13*(3), 131-137.
8. Dr.Bhupinder Singh khera ,Dr Surjeet singh Lokdhara di Bomika (Punjabi lokdhara Bare Nibandh da Sangreh.
9. Prof lakhveer Singh, Dr Surjeet singh,Prof Balbir singh Mudla Punjabi gyan


Use for Citation: ਅਮਰਿੰਦਰ ਸਿੰਘ ਬਰਾੜ. (2025). ਪੰਜਾਬੀ ਦੀਆਂ ਰਹੁ-ਰੀਤਾਂ: ਲੋਕਾਂ ਦੀ ਧਰੋਹਰ ਦਾ ਅਸਲ ਰੰਗ. International Journal of Multidisciplinary Research and Technology, 6(12), 204–209. https://doi.org/10.5281/zenodo.18194768